www.gurdeepsingh.jimdo.com

You can send your Spiritual/General Articles, Poems, Geet for this website at gs.sehaj@gmail.com

Also Visit : www.gyansclasses.jimdo.com & www.niwasbuilders.com & www.mayadentalclinic.jimdo.com

# ਜ਼ਰੂਰਤ

**[Ms. Minakshi Batra, Abohar, Punjab, India]**

ਇਹ ਕਹਾਣੀ ਇਕ ਅਜਿਹੀ ਬੱਚੇ ਦੀ ਹੈ ਜਿਸ ਨੇ ਆਪਣੀ ਭਾਵਨਾ ਦੇ ਦੁਆਰਾ ਸਾਨੂੰ ਇਹ ਸਿਖਿਆ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਸਾਨੂੰ ਆਪਣੀ ਸੋਚ ਦੇ ਦਾਇਰੇ ਨੂੰ ਸਿਰਫ ਵੱਡਾ ਕਰਨਾ ਚਾਹੀਦਾ ਹੈ ਬਲਕਿ ਹਰੇਕ ਉਸ ਇਨਸਾਨ ਦੀ ਮਦਦ ਕਰਨੀ ਚਾਹੀਦੀ ਹੈ ਜਿਸ ਨੂੰ ਸਾਡੀ ਮਦਦ ਦੀ ਜ਼ਰੂਰਤ ਹੈ। ਇਸ ਕਹਾਣੀ ਦੀ ਸ਼ੁਰੂਆਤ ਹੁੰਦੀ ਹੈ ਇਕ ਮੰਦਰ ਵਿੱਚ ਜਿਥੇ ਇਹ ਬੱਚਾ ਰੋਜ਼ ਗੇਂਦੇ ਦੇ ਫੁਲ ਵੇਚਣ ਲਈ ਜਾਂਦਾ ਹੈ। ਉਥੇ ਹਰ ਰੋਜ਼ ਹੀ ਇਕ ਅਮੀਰ ਇਨਸਾਨ ਆਪਣੀ ਆਲੀਸ਼ਾਨ ਕਾਰ ਵਿੱਚ ਮੱਥਾ ਟੇਕਣ ਲਈ ਆਉਂਦਾ ਹੈ ਤੇ ਬੱਚਾ ਉਸ ਵਪਾਰੀ ਵੱਲ ਬਹੁਤ ਹੀ ਰੀਝ ਨਾਲ ਦੇਖਦਾ ਹੈ ਤੇ ਕਹਿੰਦਾ ਹੈ ਕਿ ਸਾਬ ਮੈਂ ਆਪ ਜੀ ਦੇ ਲਈ ਬਹੁਤ ਹੀ ਸੁੰਦਰ ਗੇਂਦੇ ਦੇ ਫੁੱਲਾਂ ਦੀ ਮਾਲਾ ਲੈ ਕੇ ਆਇਆ ਹਾਂ, ਇਹ ਬਹੁਤ ਹੀ ਤਾਜਾ ਫੁੱਲ ਹਨ ਤੇ ਇਹ ਤੁਸੀਂ ਭਗਵਾਨ ਦੇ ਚਰਨਾਂ ਵਿੱਚ ਰਖੋਗੇ ਤਾਂ ਉਹ ਆਪ ਜੀ ਤੇ ਬਹੁਤ ਖੁਸ਼ ਹੋਣਗੇ, ਇੰਨਾ ਕਹਿ ਕੇ ਉਹ ਉਸ ਅਮੀਰ ਵਪਾਰੀ ਦਾ ਜਵਾਬ ਜਾਨਣ ਲਈ ਆਪਣਾ ਚੇਹਰਾ ਉਪਰ ਚੁੱਕਦਾ ਹੈ ਤਾਂ ਕਿ ਵੇਖਦਾ ਹੈ ਕਿ ਉਹ ਵਪਾਰੀ ਉਸ ਤੋਂ ਕਿੰਨੀ ਦੂਰ ਜਾ ਚੁੱਕਿਆ ਹੁੰਦਾ ਹੈ ਤੇ ਉਹ ਆਪਣਾ ਜਿਹਾ ਮੂੰਹ ਲੈ ਕੇ ਵਪਾਰੀ ਨੂੰ ਦੇਖਦਾ ਰਹਿ ਜਾਂਦਾ ਹੈ। ਇਹ ਗੱਲ ਇਕ ਦਿਨ ਤੇ ਨਾਂ ਸਿਮਟ ਕੇ ਹੁਣ ਰੋਜ਼ ਵਾਪਰਨ ਲੱਗੀ ਤੇ ਉਹ ਲੜਕਾ ਰੋਜ਼ ਹੀ ਉਸ ਵਪਾਰੀ ਦੇ ਕੋਲ ਆਪਣੇ ਗੇਂਦੇ ਦੇ ਫੁੱਲ ਲੇ ਕੇ ਜਾਂਦਾ ਤੇ ਉਸ ਵਪਾਰੀ ਨੂੰ ਇਹ ਫੁੱਲ ਲੈਣ ਲਈ ਕਹਿੰਦਾ ਤੇ ਉਹ ਵਪਾਰੀ ਰੋਜ਼ ਹੀ ਉਸ ਦੀ ਬਿਨਤੀ ਠੁਕਰਾ ਮੰਦਰ ਮੱਥਾ ਟੇਕਣ ਲਈ ਚਲਾ ਜਾਂਦਾ ਤੇ ਉਸ ਤੋਂ ਫੁੱਲ ਨਾਂ ਲੈ ਕੇ ਇੰਞ ਖੁੱਸ਼ ਹੁੰਦਾ ਸੀ ਜਿਵੇਂ ਉਸਨੇ ਉਸ ਬੱਚੇ ਦੇ ਫੁੱਲ ਨਾਂ ਲੈ ਕੇ ਬਹੁਤ ਵੱਡਾ ਤੀਰ ਮਾਰ ਦਿੱਤਾ ਹੋਵੇ। ਇਸ ਤਰ੍ਹਾਂ ਕਰਦੇ -ਕਰਦੇ ਇੱਕ ਮਹੀਨਾ ਬੀਤ ਗਿਆ।

ਇੱਕ ਮਹੀਨੇ ਦੇ ਬਾਦ ਵਪਾਰੀ ਫਿਰ ਮੰਦਰ ਆਇਆ ਪਰ ਅੱਜ ਉਸ ਨੂੰ ਉਹ ਬੱਚਾ ਕਿਤੇ ਨਜ਼ਰ ਨਾ ਆਇਆ ਤੇ ਫਿਰ ਉਹ ਵਪਾਰੀ ਮੰਦਰ ਵਿੱਚ ਮੱਥਾ ਟੇਕਣ ਲਈ ਮੰਦਰ ਵਿਚ ਚਲਾ ਗਿਆ ਪਰ ਉਸ ਦਾ ਧਿਆਨ ਉਸ ਬੱਚੇ ਵੱਲ ਹੀ ਰਿਹਾ ਕਿ ਪਤਾ ਨਹੀ ਉਹ ਬੱਚਾ ਕਿਥੇ ਹੈ ਅੱਜ ਉਹ ਫੁੱਲ ਦੇਣ ਲਈ ਨਹੀ ਆਇਆ ਤੇ ਇਹ ਸੋਚਾਂ ਸੋਚਦਾ ਹੋਇਆ ਉਹ ਘਰ ਚਲਾ ਜਾਂਦਾ ਹੈ ਅਗਲੇ ਦਿਨ ਉਹ ਫਿਰ ਆਪਣੀ ਬੇਚੈਨੀ ਨੂੰ ਰੋਕ ਨਹੀ ਸਕਿਆ ਤੇ ਸਵੇਰੇ ਜਲਦੀ ਹੀ ਮੰਦਿਰ ਲਈ ਘਰੋਂ ਰਵਾਨਾ ਹੋਇਆ, ਸਾਰੇ ਰਸਤੇ ਉਹ ਉਸ ਬੱਚੇ ਲਈ ਸੋਚਦਾ ਰੰਹਿਦਾ ਹੈ ਕਿ ਉਹ ਬੱਚਾ ਕਲ ਮੰਦਿਰ ਵਿੱਚ ਕਿਉਂ ਨਹੀ ਨਜ਼ਰ ਆਇਆਂ ਇੰਨੇ ਸੋਚਦੇ ਹੀ ਉਹ ਮੰਦਿਰ ਦੇ ਗੇਟ ਦੇ ਕੋਲ ਪਹੁੰਚ ਜਾਂਦਾ ਹੈ ਪਰ ਅੱਜ ਉਸ ਦੇ ਚਿਹਰੇ ਤੇ ਆਪਣੀ ਆਲੀਸ਼ਾਨ ਕਾਰ ਦੀ ਕੋਈ ਖੁਸ਼ੀ ਨਹੀਂ ਸੀ ਇੰਨੇ ਵਿੱਚ ਹੀ ਉਸ ਨੇ ਬੱਚੇ ਨੂੰ ਮੰਦਿਰ ਦੇ ਗੇਟ ਕੋਲ ਬੈਠਾ ਵੇਖਿਆ ਤੇ ਉਹ ਫਿਰ ਉਸ ਦੇ ਆਉਣ ਦੀ ਉਡੀਕ ਕਰਨ ਲੱਗਾ ਕਿ ਉਹ ਉਸ ਦੇ ਕੋਲ ਆਏਗਾ ਤੇ ਆ ਕੇ ਕਹੇਗਾ ਕਿ ਸਾਬ, ਤਾਜੇ ਫੁੱਲ ਲੈ ਲਉ, ਪਰ ਉਸ ਦੀ ਹੈਰਾਨੀ ਦੀ ਸੀਮਾਂ ਨਹੀਂ ਰਹੀ ਜਦੋਂ ਉਹ ਬੱਚਾ ਅੱਜ ਨਾਂ ਤੇ ਉਸ ਦੇ ਕੋਲ ਆਇਆ ਤੇ ਨਾ ਹੀ ਉਸ ਦੇ ਆਉਣ ਤੇ ਉਸ ਵੱਲ ਧਿਆਨ ਦਿੱਤਾ।

ਉਹ ਇਨਸਾਨ ਮੰਦਿਰ ਵਿੱਚ ਮੱਥਾ ਟੇਕ ਕੇ ਬਾਹਰ ਆਇਆ ਤੇ ਕਾਰ ਵਿੱਚ ਆ ਕੇ ਬੈਠ ਗਿਆ ਤੇ ਉਸ ਨੇ ਆਪਣੇ ਡਰਾਈਵਰ ਨੂੰ ਉਸ ਬੱਚੇ ਨੂੰ ਬੁਲਾਉਣ ਲਈ ਕਿਹਾ, ਥੋੜੀ ਦੇਰ ਬਾਦ ਹੀ ਉਹ ਬੱਚਾ ਉਸ ਦੇ ਕੋਲ ਖੜਾ ਸੀ ਪਰ ਉਸ ਦਾ ਚਿਹਰਾ ਅੱਜ ਬਹੁਤ ਹੀ ਬੁਝਿਆ ਹੋਇਆ ਲਗ ਰਿਹਾ ਸੀ। ਵਪਾਰੀ ਨੇ ਉਸ ਬੱਚੇ ਨੂੰ ਵੇਖ ਕੇ ਹਲਕੀ ਜਿਹੀ ਆਵਾਜ਼ ਵਿੱਚ ਕਿਹਾ ਕਿ ਤੂੰ ਅੱਜ ਫੁੱਲ ਦੇਣ ਲਈ ਨਹੀ ਆਇਆ ਕੀ ਗੱਲ ਹੈ? ਬੱਚੇ ਨੇ ਉਸ ਵਪਾਰੀ ਦੇ ਵੱਲ ਗਹਿਰੀ ਨਜ਼ਰ ਨਾਲ ਦੇਖਦਿਆਂ ਹੋਇਆ ਕਿਹਾ ਕਿ ਹੁਣ ਮੈਨੂੰ ਆਪ ਜੀ ਦੀਆਂ ਮਿੰਨਤਾ ਕਰਨ ਦੀ ਕੋਈ ਲੋੜ ਹੀ ਨਹੀਂ ਹੈ ਕਿਉਂਕਿ ਜਿਸ ਦੇ ਵਾਸਤੇ ਮੈਂ ਆਪ ਜੀ ਦੀਆਂ ਇੰਨੀਆ ਮਿੰਨਤਾਂ ਕਰਦਾ ਸੀ ਉਹ ਮੇਰਾ ਇੰਨਾਂ ਵੱਡਮੁੱਲਾ ਖਜ਼ਾਨਾ ਮੇਰੀ ਮਾਂ ਹੁਣ ਮੈਨੂੰ ਛੋੜ ਕੇ ਜਾ ਚੁੱਕੀ ਹੈ ਤੇ ਮੈਂ ਹੁਣ ਯਤੀਮ ਹੋ ਚੁੱਕਾਂ ਹਾਂ ਹੁਣ ਮੈਨੂੰ ਇਕ ਗੱਲ ਦੀ ਸਮਝ ਲੱਗ ਗਈ ਚੁੱਕੀ ਹੈ ਕਿ ਸਿਰਫ ਪੈਸਾ ਹੋਣ ਦੇ ਨਾਲ ਇਨਸਾਨ ਅਮੀਰ ਨਹੀਂ ਹੁੰਦਾ ਜੇਕਰ ਉਹ ਕਿਸੇ ਦਾ ਭਲਾ ਨਹੀਂ ਕਰ ਸਕਦਾ ਕਿਸੇ ਦੀ ਮਦਦ ਨਹੀਂ ਕਰ ਸਕਦਾ। ਮੈਂ ਆਪ ਜੀ ਦੇ ਕੋਲ ਰੋਜ਼ ਫੁੱਲ ਇਸ ਉਮੀਦ ਦੇ ਨਾਲ ਲੈ ਕੇ ਆਉਂਦਾ ਸੀ ਕਿ ਆਪ ਜੀ ਮੇਰੇ ਫੁੱਲ ਲੈ ਕੇ ਮੈਨੂੰ ਕੁਝ ਪੈਸੇ ਦਿਆ ਕਰੋਗੇ ਜਿਸ ਦੇ ਨਾਲ ਕਿ ਮੈਂ ਆਪਣੀ ਮਾਂ ਦਾ ਇਲਾਜ ਕਰਵਾ ਸਕਾਂਗਾ ਪਰ ਮੈਂ ਗਲਤ ਸੀ ਤੁਸੀਂ ਤਾਂ ਮੇਰੇ ਨਾਲੋਂ ਵੀ ਗਰੀਬ ਸੀ ਤੇ ਮੈਂ ਆਪ ਜੀ ਨੂੰ ਅਮੀਰ ਸਮਝਦਾ ਰਿਹਾ, ਕਾਸ਼ ਅੱਜ ਮੇਰੀ ਮਾਂ ਹੁੰਦੀ ਤਾਂ ਮੈ ਉਸ ਨੂੰ ਦਸਦਾ ਕਿ ਠੀਕ ਹੈ ਅਸੀਂ ਗਰੀਬ ਹਾਂ ਪਰ ਇੰਨਾਂ ਅਮੀਰਾਂ ਨਾਲੋ ਤਾਂ ਅਸੀ ਅਮੀਰ ਸੀ, ਕਿਉਕੀ ਸਾਡੇ ਕੋਲ ਚਾਹੇ ਕੁਝ ਵੀ ਨਹੀਂ ਸੀ ਪਰ ਸਭ ਦੀ ਮਦਦ ਕਰਨ ਦੀ ਭਾਵਨਾਂ ਤਾਂ ਸਾਡੇ ਅੰਦਰ ਸੀ, ਇੰਨ੍ਹਾਂ ਕਹਿ ਕੇ ਉਹ ਬੱਚਾ ਉਸ ਵਪਾਰੀ ਕੋਲੋਂ ਦੂਰ ਚਲਾ ਗਿਆ ਤੇ ਵਪਾਰੀ ਆਪਣੇ ਆਪ ਨੂੰ ਅੱਜ ਸੱਚ ਹੀ ਗਰੀਬ ਮਹਿਸੂਸ ਕਰਨ ਲੱਗਾ ਕਿ ਕਾਸ਼, ਮੈਂ ਉਸ ਸਮੇਂ ਇਸ ਬੱਚੇ ਦੀ ਮਦਦ ਕੀਤੀ ਹੁੰਦੀ ਤਾਂ ਇਹ ਬੱਚਾ ਅੱਜ ਇੰਨ੍ਹਾ ਉਦਾਸ ਤੇ ਦੁੱਖੀ ਨਾ ਹੁੰਦਾ। ਇਸ ਕਹਾਣੀ ਦੇ ਅਖੀਰ ਵਿੱਚ ਮੈਂ ਵੀ ਆਪ ਜੀ ਨੂੰ ਇਹ ਹੀ ਕਹਿਣਾ ਚਾਹੁੰਦੀ ਹਾਂ ਆਉ ਅਸੀਂ ਅੱਜ ਵੀ ਇਹ ਪ੍ਰਣ ਲਈਏ ਕਿ ਅਸੀਂ ਹਰ ਉਸ ਇਨਸਾਨ ਦੀ ਮਦਦ ਕਰਾਂਗੇ ਜਿਸ ਨੂੰ ਸਾਡੀ ਮਦਦ ਦੀ ਜ਼ਰੂਰਤ ਹੋਵੀਗੀ।